BC CANCER LUNG SCREENING
Provincial Health Services Authority

ਫੇਫੜਿਆਂ ਦੀ ਸਕ੍ਰੀਨਿੰਗ ਦੇ ਨਤੀਜੇ

Notice Date:
Exam Date:

Jane Sample
123 Example Avenue
City, Province, Postal Code

SAMPLE

ਤੁਹਾਡੀ ਫੇਫੜਿਆਂ ਦੀ ਸਕ੍ਰੀਨਿੰਗ CT ਸਕੈਨ ਵਿੱਚ ਫੇਫੜਿਆਂ ਦੇ ਕੈਂਸਰ ਸਬੰਧੀ ਕੋਈ ਚਿੰਤਾਜਨਕ ਨਤੀਜੇ ਨਹੀਂ ਮਿਲੇ।

ਅਗਲੇ ਕਦਮ:: ਨਿਯਮਿਤ ਸਕ੍ਰੀਨਿੰਗ ਲਈ 24 ਮਹੀਨਿਆਂ 'ਚ ਵਾਪਸ ਆਉ । ਅਸੀਂ ਤੁਹਾਡੇ ਫੇਫੜਿਆਂ ਦੀ ਲਗਾਤਾਰ ਨਿਗਰਾਨੀ ਕਰਨ ਦੀ ਸਿਫਾਰਸ਼ ਕਰਦੇ ਹਾਂ ਕਿਉਂਕਿ ਉਮਰ ਵ ਧਣ ਨਾਲ ਫੇਫੜਿਆਂ ਦੇ ਕੈਂਸਰ ਦਾ ਖਤਰਾ ਬਦਲ ਜਾਂਦਾ ਹੈ। ਜਦੋਂ ਤੁਹਾਡੇ ਅਗਲੇ CT ਸਕੈਨ ਦਾ ਸਮਾਂ ਹੋਵੇਗਾ, ਪ੍ਰੋਗਰਾਮ ਵੱਲੋਂ ਤੁਹਾਨੂੰ ਇੱਕ ਯਾਦ-ਦਿਹਾਨੀ ਵਾਲਾ ਪੱਤਰ ਭੇਜਿਆ ਜਾਵੇਗਾ। ਸਕ੍ਰੀਨਿੰਗ ਸਭ ਤੋਂ ਪ੍ਰਭਾਵਸ਼ਾਲੀ ਤਦੋਂ ਹੁੰਦੀ ਹੈ ਜਦੋਂ ਤੁਸੀਂ ਨਿਯਮਿਤ CT ਸਕੈਨ ਕਰਵਾਉਂਦੇ ਹੋ, ਤਾਂ ਜੋ ਤੁਹਾਡੇ ਪਿਛਲੇ ਸਕੈਨ ਤੋਂ ਬਾਅਦ ਕੋਈ ਨਵੇਂ ਧੱਬੇ ਜਾਂ ਮੌਜੂਦਾ ਧੱਬਿਆਂ ਵਿੱਚ ਕੋਈ ਤਬਦੀਲੀ ਹੋਈ ਹੈ ਜਾਂ ਨਹੀਂ, ਇਹ ਦੇਖਿਆ ਜਾ ਸਕੇ। ਇਸੇ ਲਈ ਜਦੋਂ ਤੁਹਾਡੀ ਸਕ੍ਰੀਨਿੰਗ ਦਾ ਸਮਾਂ ਹੋ ਗਿਆ ਹੋਵੇ ਤਾਂ ਫੇਫੜਿਆਂ ਦੀ ਸਕ੍ਰੀਨਿੰਗ ਲਈ ਵਾਪਸ ਆਉਣਾ ਮਹੱਤਵਪੂਰਣ ਹੈ।

ਭਾਵੇਂ ਕਿ ਫੇਫੜਿਆਂ ਦੀ ਸਕ੍ਰੀਨਿੰਗ CT ਸਕੈਨ ਫੇਫੜਿਆਂ ਦੇ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭਣ ਲਈ ਬਹੁਤ ਪ੍ਰਭਾਵਸ਼ਾਲੀ ਹੈ, ਫਿਰ ਵੀ ਕੁਝ ਕੈਂਸਰਾਂ ਦਾ ਪਤਾ ਨਹੀਂ ਲੱਗ ਸਕਦਾ। ਜੇ ਤੁਹਾਨੂੰ ਕੋਈ ਨਵੇਂ ਲੱਛਣ ਵਿਕਸਿਤ ਹੋਏ ਹੋਣ, ਜਿਵੇਂ ਕਿ ਸਾਹ ਚੜ੍ਹਣਾ, ਛਾਤੀ ਵਿੱਚ ਦਰਦ ਜਾਂ ਖੂਨ ਵਾਲੀ ਖੰਘ, ਤਾਂ ਕਿਰਪਾ ਕਰਕੇ ਤੁਰੰਤ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨੂੰ ਦੱਸੋ, ਭਾਵੇਂ ਕਿ ਤੁਹਾਡਾ CT ਸਕੈਨ ਆਮ ਵਰਗਾ ਹੀ ਕਿਉਂ ਨਾ ਹੋਵੇ।
ਫੇਫੜਿਆਂ ਦੀ ਸਕ੍ਰੀਨਿੰਗ ਦੇ ਨਤੀਜਿਆਂ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਵੇਖੋ: bccancer.bc.ca/screening/lung/how-it-works.

BC Cancer Lung Screening Program ਵਿੱਚ ਭਾਗ ਲੈਣ ਲਈ ਤੁਹਾਡਾ ਧੰਨਵਾਦ।

Dr. Stephen Lam
Lung Screening Medical Director

ਜੇ ਤੁਹਾਡੇ ਅਗਲੇ ਸਕ੍ਰੀਨਿੰਗ ਤੋਂ ਪਹਿਲਾਂ ਤੁਹਾਡਾ ਪਤਾ ਬਦਲ ਜਾਂਦਾ ਹੈ, ਤਾਂ ਕਿਰਪਾ ਕਰਕੇ addresschange.gov.bc.ca/ 'ਤੇ ਜਾ ਕੇ ICBC ਅਤੇ Health Insurance BC ਨੂੰ ਇੱਕੋ ਸਮੇਂ ਆਪਣੀ ਨਵੀਂ ਜਾਣਕਾਰੀ ਅੱਪਡੇਟ ਕਰੋ।
ਫੇਫੜਿਆਂ ਦੀ ਸਕ੍ਰੀਨਿੰਗ ਦੀਆਂ ਸੂਚਨਾਵਾਂ Health Gateway 'ਤੇ ਆਨਲਾਈਨ ਉਪਲਬਧ ਹਨ। ਪਹੁੰਚ ਕਰਨ ਲਈ ਰਜਿਸਟਰ ਹੋਣ ਵਾਸਤੇ healthgateway.gov.bc.ca/ 'ਤੇ ਜਾਉ ।
ਜੇ ਤੁਹਾਨੂੰ ਇਹ ਰਿਪੋਰਟ ਗਲਤੀ ਨਾਲ ਪ੍ਰਾਪਤ ਹੋਈ ਹੈ ਜਾਂ ਤੁਹਾਡਾ ਸਿਹਤ-ਸੰਭਾਲ ਪ੍ਰਦਾਨਕਰਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ ਸਾਨੂੰ 1-877-717-5864 'ਤੇ ਸੂਚਿਤ ਕਰੋ।

ਫੇਫੜਿਆਂ ਦੀ ਸਕ੍ਰੀਨਿੰਗ ਦੇ ਨਤੀਜੇ

Health Care Provider:
NATALIE EXAMPLE

Screening Facility:
Lung Screening Site Name
Lung Screening Site Phone #

BC Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਲਈ, ਜਿਸ ਵਿੱਚ ਸੰਚਾਰ ਸੰਪਰਕ ਅਤੇ ਫਾਲੋ- ਅੱਪ ਸ਼ਾਮਲ ਹਨ, ਅਤੇ ਪ੍ਰੋਗਰਾਮ ਦੇ ਮੁਲਾਂਕਣ ਦੇ ਉਦੇਸ਼ਾਂ ਲਈ, ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਵਰਤੇਗਾ। ਇਹ ਜਾਣਕਾਰੀ FIPPA ਧਾਰਾ 26(c) ਅਤੇ (e) ਦੇ ਅਨੁਸਾਰ ਇਕੱਠੀ ਕੀਤੀ ਜਾ ਰਹੀ ਹੈ। ਜੇ ਤੁਹਾਡੇ ਕੋਲ ਤੁਹਾਡੀ ਨਿੱਜੀ ਜਾਣਕਾਰੀ ਦੇ ਇਕੱਠਾ ਕਰਨ ਅਤੇ ਵਰਤੋਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ screening@bccancer.bc.ca ਨਾਲ ਸੰਪਰਕ ਕਰੋ। ਗੁਪਤਤਾ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ screeningbc.ca 'ਤੇ ਜਾਉ।

SAMPLE